4:24

(9)

ਨੰਬਰ 8613-14/111-ਆਰ

ਮਿਤੀ 6.12.14

ਸੇਵਾ ਵਿਖੇ,

ਕਾਰਜਕਾਰੀ ਇੰਜੀਨੀਅਰ,
ਅਬੋਹਰ ਨਹਿਰ ਮੰਡਲ,
ਅਬੋਹਰ।

ਵਿਸ਼ਾ:- 1.0218 ਕਿਊਸਕ ਬਲਕ ਸਪਲਾਈ ਆਫ ਸਵੇਰਾ ਬਿਵਰੇਜ਼ਜ ਪ੍ਰਾਈਵੇਟ ਲਿਮਟਿਡ ਲਈ ਆਰ.ਡੀ. 23960/ਆਰ ਕਮਾਲਵਾਲਾ ਮਾਈਨਰ ਤੋਂ ਮੰਜੂਰ ਕਰਨ ਬਾਰੇ।

ਹਵਾਲਾ:- ਆਪ ਜੀ ਦਾ ਪੱਤਰ ਨੰਬਰ 1267/ 57-ਆਰ ਮਿਤੀ 27-1-2014.

ਉਪਰੋਕਤ ਵਿਸ਼ੇ ਤੇ ਹਵਾਲੇ ਸਬੰਧੀ ਆਪ ਵਲੋਂ ਭੇਜੀ ਗਈ ਤਜਵੀਜ ਸਵੇਰਾ ਬਿਵਰੇਜ਼ਜ ਪ੍ਰਾਈਵੇਟ ਲਿਮਟਿਡ ਲਈ ਆਰ.ਡੀ. 23960-ਆਰ ਕਮਾਲਵਾਲਾ ਮਾਈਨਰ ਤੇ 1.0218 ਕਿਊਸਿਕ ਨਹਿਰੀ ਪਾਣੀ ਦੀ ਮੰਨਜੂਰੀ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਦਿੱਤੀ ਜਾਂਦੀ ਹੈ :-

1) ਪਾਣੀ ਦੀ ਕੀਮਤ ਹਰ ਸਾਲ ਸ਼ਡਿਊਲ ਆਫ ਵਾਟਰ ਰੇਟ ਦੀਆਂ ਦਰਾਂ ਤੇ ਅਪ੍ਰੈਲ ਮਹੀਨੇ ਦੇ ਪਹਿਲੇ ਹਫਤੇ ਰਕਮ ਜਮਾਂ ਕਰਵਾਉਣੀ ਪਵੇਗੀ।
2) ਪਾਣੀ ਦੀ ਕੀਮਤ ਵਾਧਾ ਹੋਣ ਤੇ ਉਸ ਵਾਧੇ ਦੀ ਦਰ ਨਾਲ ਰਕਮ ਜਮਾ ਕਰਾਵਾਉਣੀ ਪਵੇਗੀ।
3) ਜੇਕਰ ਪਾਣੀ ਮਿਥੇ ਗਏ ਮੰਤਵ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਵਰਤਿਆ ਗਿਆ ਤਾਂ ਉਸ ਹਾਲਤ ਵਿੱਚ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ।
4) ਕਿਸੇ ਕਾਰਣ ਪਾਣੀ ਦੀ ਸਪਲਾਈ ਬੰਦ ਹੋਣ ਦੀ ਸੂਰਤ ਵਿੱਚ ਸਿੰਚਾਈ ਵਿਭਾਗ ਕਿਸੇ ਨੁਕਸਾਨ/ ਮੁਆਵਜਾ ਆਦਿ ਦੇਣ ਲਈ ਜਿੰਮੇਵਾਰ ਨਹੀ ਹੋਵੇਗਾ।
5) ਬਲਕ ਸਪਲਾਈ ( ਮੋਘਾ ਲਗਵਾਉਣ) ਲਈ ਜੋ ਭੰਨ ਤੋੜ / ਮੁੜ ਬੇਤਰ ਅਤੇ ਅੰਡਰ ਗਰਾਂਊਡ ਪਾਈਪ ਵਿਛਾਉਣ ਦਾ ਜੋ ਖਰਚਾ ਆਵੇਗਾ ਉਹ ਪ੍ਰਾਰਥੀਆਂ ਵੱਲੋਂ ਕੀਤਾ ਜਾਵੇਗਾ ਅਤੇ ਇਸ ਦੀ ਸਾਂਭ ਸੰਭਾਲ ਵੀ ਉਨਾਂ ਦੀ ਜੁਮੇਵਾਰੀ ਹੋਵੇਗੀ।
6) ਅੰਡਰ ਗਰਾਊਂਡ ਪਾਈਪ ਲੰਘਾਉਣ ਦੇ ਰਸਤੇ ਵਿਚ ਜੋ ਨਹਿਰਾਂ ਆਉਣਗੀਆਂ ਉਨਾਂ ਦੇ ਥੱਲਿਉ ਪਾਈਪ ਲਾਈਨ ਮਹਿਕਮੇ ਦੇ ਅਧਿਕਾਰੀ /ਕਰਮਚਾਰੀ ਦੀ ਨਿਗਰਾਨੀ ਹੇਠ ਲੰਘਾਈ ਜਾਵੇਗੀ।
7) ਅੰਡਰ ਗਰਾਊਂਡ ਪਾਈਪ ਲਾਈਨ ਵਿਛਾਉਣ ਸਬੰਧੀ ਜੇਕਰ ਨੋ-ਅਬਜੈਕਸ਼ਨ ਸਰਟੀਫੀਕੇਟ ਇਸ ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ, ਈਸਟਰਨ ਨਹਿਰ ਮੰਡਲ, ਫਿਰੋਜਪੁਰ ਜਾਂ ਵੱਖ-ਵੱਖ ਵਿਭਾਗਾਂ ਤੋਂ ਲੈਣ ਦੀ ਜਰੂਰਤ ਹੋਵੇਗੀ ਤਾਂ ਪ੍ਰਾਰਥੀ ਆਪਣੇ ਲੈਵਲ ਤੇ ਪ੍ਰਾਪਤ ਕਰਨਗੇ।

8351
RC 12/2/14
57R

/ਨਿਗਰਾਨ ਇੰਜੀਨੀਅਰ,
ਫਿਰੋਜਪੁਰ ਕੈਨਾਲ ਸਰਕਲ,
ਫਿਰੋਜਪੁਰ।

ਕਾਪੀ:-

ਕਾਰਜਕਾਰੀ ਇੰਜੀਨੀਅਰ, ਈਸਟਰਨ ਨਹਿਰ ਮੰਡਲ, ਫਿਰੋਜਪੁਰ ਨੂੰ ਉਨਾਂ ਦੇ ਦਫਤਰ ਦੇ ਪੱਤਰ ਨੰਬਰ 6670 ਮਿਤੀ 4-1-14 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜੀ ਜਾਂਦੀ ਹੈ।

For Sev... Pvt. Ltd.

Director